ਆਈ. ਕੇ. ਗੁਜਰਾਲ. ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ
I. K. GUJRAL PUNJAB TECHNICAL UNIVERSITY JALANDHAR
ਆਈ. ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ
Estd. Under Punjab Technical University Act, 1996
(Punjab Act No. 1 of 1997)

**Dr. S. S. Ahluwalia**
Director

Ref. No. IKGPTU/DIR/SW/8489
Dated 07/02/18

ਪ੍ਰਿੰਸੀਪਲ/ਡਾਇਰੈਕਟਰ
ਆਈ.ਕੇ.ਜੀ.ਪੀ.ਟੀ.ਯੂ. ਨਾਲ ਸਬੰਧਿਤ ਸਾਰੇ ਕਾਲਜ ਅਤੇ ਸਾਰੇ ਆਈ.ਕੇ.ਜੀ.ਪੀ.ਟੀ.ਯੂ ਕੈਂਪਸਸ

ਵਿਸ਼ਾ :- ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਪਾਸ ਆਊਟ ਹੋਏ ਐਸ.ਸੀ./ਐਸ.ਟੀ. ਕੈਟਾਗਰੀ ਦੇ ਵਿਦਿਆਰਥੀਆਂ ਦੇ ਸਰਟੀਫਿਕੇਟ/ਡੀ.ਐਮ.ਸੀਜ. ਜਾਰੀ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਫਤਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ, ਪੰਜਾਬ ਵੱਲੋਂ ਜਾਰੀ ਪੱਤਰ ਨੰ: 55 ਮਿਤੀ 10-01-2018 ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ ਵੱਲੋਂ ਈ-ਮੇਲ ਰਾਂਹੀ ਪ੍ਰਾਪਤ ਹੋਇਆ ਹੈ, ਜਿਸ ਵਿੱਚ ਲਿਖਿਆ ਹੈ ਕਿ ਐਸ.ਸੀ./ਐਸ.ਟੀ. ਕੈਟਾਗਰੀ ਦੇ ਪਾਸ ਆਊਟ ਵਿਦਿਆਰਥੀ, ਜੋ ਸਕਾਲਰਸ਼ਿਪ ਸਕੀਮ ਦੇ ਅਧੀਨ ਆਉਂਦੇ ਹਨ, ਦੀਆਂ ਫੀਸਾਂ ਜਮ੍ਹਾਂ ਨਾ ਹੋਣ ਕਾਰਨ, ਉਨ੍ਹਾਂ ਦੇ ਸਰਟੀਫਿਕੇਟ/ਡੀ.ਐਮ.ਸੀਜ. ਰੋਕ ਲਏ ਜਾਂਦੇ ਹਨ।ਇਹ ਪ੍ਰਥਾ ਬਿਲਕੁਲ ਗਲਤ ਹੈ ਕਿਉਂਕਿ ਸਕਾਲਰਸ਼ਿਪ ਸਰਕਾਰ ਵੱਲੋਂ ਰੋਕੀ ਜਾਂਦੀ ਹੈ।ਇਸ ਲਈ ਉਕਤ ਵਿਦਿਆਰਥੀਆਂ ਨੂੰ ਸਰਟੀਫਿਕੇਟ ਜਾਰੀ ਕਰਨ ਲਈ ਹੁਕਮ ਤੁਰੰਤ ਜਾਰੀ ਕਰਨ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਬੰਧਤ ਯੂਨੀਵਰਸਿਟੀ/ਤਕਨੀਕੀ ਸਿੱਖਿਆ/ਬੋਰਡ/ਕਾਲਜਾਂ/ਉਦਯੋਗਿਕ ਸਿਖਲਾਈ ਸੰਸਥਾਵਾਂ ਵਿਰੁੱਧ ਕਾਰਵਾਈ ਕਰਨ ਸਬੰਧੀ ਲਿਖਿਆ ਗਿਆ ਹੈ।(ਪੱਤਰ ਦੀ ਕਾਪੀ ਨਾਲ ਨੱਥੀ ਹੈ)

ਇਸ ਸਬੰਧੀ ਆਪਜੀ ਨੂੰ ਪਹਿਲਾ ਵੀ ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ ਵੱਲੋਂ ਜਾਰੀ ਪੱਤਰ ਮੀਮੋ ਨੰ: 1ਟੀਈ/2013-43 ਮਿਤੀ 07-12-2017 ਈ-ਮੇਲ ਰਾਂਹੀ ਮਿਤੀ 16-01-2018 ਨੂੰ ਭੇਜਿਆ ਜਾ ਚੁੱਕਾ ਹੈ।

ਇਸ ਲਈ ਆਪਜੀ ਨੂੰ ਦੁਬਾਰਾ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੇ ਹੁਕਮਾਂ ਦੀ ਇੰਨ-ਬਿੰਨ ਪਾਲਣਾਂ ਕੀਤੀ ਜਾਵੇ ਜੀ।

7/2/18
ਨਿਰਦੇਸ਼ਕ
(ਵਿਦਿਆਰਥੀ ਭਲਾਈ ਵਿਭਾਗ)

ਉਤਾਰਾ:
1. **OSD to** ਮਾਣਯੋਗ ਉਪ-ਕੁਲਪਤੀ ਜੀ (ਜਾਣਕਾਰੀ ਹਿੱਤ)
2. ਰਜਿਸਟਰਾਰ, ਆਈ.ਕੇ.ਜੀ.ਪੀ.ਟੀ.ਯੂ.
3. ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ (ਉਪਰੋਕਤ ਸਬੰਧੀ ਮਾਨਯੋਗ ਤਕਨੀਕੀ ਸਿੱਖਿਆ ਮੰਤਰੀ ਜੀ ਨੂੰ ਜਾਣੂ ਕਰਵਾਉਣ ਲਈ ਬੇਨਤੀ ਸਹਿਤ)
4. ਸਮੂਹ ਵਿਭਾਗ ਮੁਖੀ (ਨਾਨ-ਟੀਚਿੰਗ)
5. ਡਿਪਟੀ ਰਜਿਸਟਰਾਰ, ਕੰਪਿਊਟਰ ਵਿਭਾਗ (ਵੈਬਸਾਇਟ 'ਤੇ ਪਾਉਣ ਲਈ)
6. ਸ਼ਿਕਾਇਤ ਨਿਵਾਰਿਣ ਸੈੱਲ, ਆਈ.ਕੇ.ਜੀ.ਪੀ.ਟੀ.ਯੂ.
7. ਮਿਸਲ

## ਦਫ਼ਤਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ, ਪੰਜਾਬ।

(0172- 2740095, 2741506 (ਫੈਕਸ)

ਮੇਰੇ ਧਿਆਨ ਵਿੱਚ ਆਇਆ ਹੈ ਕਿ ਵਿਭਾਗ ਅਧੀਨ ਯੂਨੀਵਰਸਿਟੀਜ/ਤਕਨੀਕੀ ਸਿੱਖਿਆ ਬੋਰਡ/ਕਾਲਜਾਂ/ਬਹੁਤਕਨੀਕੀ ਕਾਲਜਾਂ/ਉਦਯੋਗਿਕ ਸਿਖਲਾਈ ਸੰਸਥਾਵਾਂ ਵਲੋਂ ਐਸ.ਸੀ./ਐਸ.ਟੀ. passout ਵਿਦਿਆਰਥੀਆਂ, ਜੋ ਸਕਾਲਰਸ਼ਿਪ ਸਕੀਮ ਦੇ ਅਧੀਨ ਆਉਂਦੇ ਹਨ, ਦੀਆਂ ਫੀਸਾਂ ਜਮ੍ਹਾਂ ਨਾ ਹੋਣ ਕਾਰਨ, ਉਨ੍ਹਾਂ ਦੇ ਸਰਟੀਫਿਕੇਟ /ਡੀ.ਐਮ.ਸੀਜ. ਰੋਕੇ ਲਏ ਜਾਂਦੇ ਹਨ। ਇਹ ਪ੍ਰਥਾ ਬਿਲਕੁਲ ਗਲਤ ਹੈ ਕਿਉਂਕਿ ਸਕਾਲਰਸ਼ਿਪ ਸਰਕਾਰ ਵੱਲੋਂ ਰੋਕੀ ਗਈ ਹੈ। ਇਸ ਲਈ ਉਕਤ ਵਿਦਿਆਰਥੀਆਂ ਨੂੰ ਸਰਟੀਫਿਕੇਟ ਜਾਰੀ ਕਰਨ ਲਈ ਹੁਕਮ ਤੁਰੰਤ ਜਾਰੀ ਕੀਤੇ ਜਾਣ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਬੰਧਤ ਯੂਨੀਵਰਸਿਟੀਜ/ਤਕਨੀਕੀ ਸਿੱਖਿਆ ਬੋਰਡ/ਕਾਲਜਾਂ/ਬਹੁਤਕਨੀਕੀ ਕਾਲਜਾਂ/ਉਦਯੋਗਿਕ ਸਿਖਲਾਈ ਸੰਸਥਾਵਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

ਤ.ਸਿ.ਅਤੇ ਉ.ਸਿ. ਮੰਤਰੀ, ਪੰਜਾਬ
ਡਾਇਰੀ ਨੰ: 55
ਮਿਤੀ: 10/01/18

09/01/18
ਤਕਨੀਕੀ ਸਿੱਖਿਆ ਅਤੇ ਉਦਯੋਗਿਕ
ਸਿਖਲਾਈ ਮੰਤਰੀ, ਪੰਜਾਬ।

1. ਸਕੱਤਰ, ਪੰਜਾਬ ਰਾਜ ਤਕਨੀਕੀ ਸਿੱਖਿਆ ਬੋਰਡ।
2. ਵਾਇਸ ਚਾਂਸਲਰ, ਆਈ.ਕੇ. ਪੀ.ਟੀ.ਯੂ., ਜਲੰਧਰ।
3. ਵਾਇਸ ਚਾਂਸਲਰ, ਮਹਾਰਾਜਾ ਰਣਜੀਤ ਸਿੰਘ ਪੀ.ਟੀ.ਯੂ., ਬਠਿੰਡਾ।

ਵੱਲੋਂ

ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿਖਿਆ ਵਿੰਗ) ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਨੋਡਲ ਅਫਸਰ,
1. ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ।
2. ਡਾ: ਬੀ ਆਰ ਅੰਬੇਦਕਰ ਨੈਸ਼ਨਲ ਇਸ : ਆਫ ਟੈਕ: ਜਲੰਧਰ।
3. ਇੰਡੀਅਨ ਇੰਸ : ਆਫ ਟੈਕ : ਰੋਪੜ।
4. ਸੰਤ ਲੋਗੋਂਵਾਲ ਇੰਸ ਆਫ ਇੰਜੀ : ਅਤੇ ਟੈਕ : ਸੰਗਰੂਰ।
5. ਨੈਸ਼ਨਲ ਇੰਸ: ਆਫ ਫਾਰਮੈਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ ਮੋਹਾਲੀ।
6. ਥਾਪਰ ਯੂਨੀਵਰਸਿਟੀ ਪਟਿਆਲਾ ।
7 ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ, ਬਠਿੰਡਾ।
8. ਸੈਂਟਰਲ ਇੰਸ: ਆਫ ਪਲਾਸਟਿਕ ਇੰਜ:ਐਂਡ ਟੈਕਨਾਲੋਜੀ ਅੰਮ੍ਰਿਤਸਰ।

9-24 ਪ੍ਰਿੰਸੀਪਲ
ਸਰਕਾਰੀ ਬਹੁਤਕਨੀਕੀ ਕਾਲਜ, ਅੰਮ੍ਰਿਤਸਰ, ਬਠਿੰਡਾ,ਬਟਾਲਾ,ਬਹਿਰਾਮ, ਬੇਗੋਵਾਲ, ਬਰੇਟਾ, ਭਿੱਖੀਵਿੰਡ, ਹੁਸ਼ਿਆਰਪੁਰ, ਜੀ.ਟੀ.ਬੀ.ਗੜ, ਫਤੂਹੀਖੇੜਾ, ਰਾਂਣਵਾ, ਖੂਨੀ ਮਾਜਰਾ, ਕੋਟਕਪੂਰਾ, ਫਿਰੋਜਪੁਰ, ਬਡਬਰ ਅਤੇ ਤਲਵਾੜਾ ।

25-30ਸਰਕਾਰੀ ਬਹੁਤਕਨੀਕੀ ਕਾਲਜ ਲੜਕੀਆਂ, ਅੰਮ੍ਰਿਤਸਰ, ਜਲੰਧਰ, ਦੀਨਾਨਗਰ, ਪਟਿਆਲਾ, ਲੁਧਿਆਣਾ ਅਤੇ ਰੋਪੜ।

31 ਪ੍ਰਿੰਸੀਪਲ ਗੋਰਮਿੰਟ ਇੰਸ : ਆਫ ਟੈਕਸਟਾਈਲ ਕੈਮਿਸਟਰੀ ਅਤੇ ਨਿਟਿੰਗ ਟੈਕ :, ਲੁਧਿਆਣਾ ।

ਮੀਮੋ ਨੰ:1ਟੀਈ/ 2013-43 /ਸਕਾਲਰਸ਼ਿਪ/
ਮਿਤੀ: 7/12/17

**ਵਿਸ਼ਾ: ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਬਹੁਤਕਨੀਕੀ ਕਾਲਜਾਂ ਅਤੇ ਇੰਜ: ਕਾਲਜਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਰੋਲ ਨੰਬਰ ਜਾਰੀ ਕਰਨ ਅਤੇ ਸਰਟੀਫਿਕੇਟ ਵਾਪਸ ਲੈਣ ਵਿੱਚ ਆ ਰਹੀਆਂ ਮੁਸ਼ਕਲਾਂ ਦੇ ਨਿਪਟਾਰੇ ਸਬੰਧੀ।**

ਹਵਾਲਾ: ਇਸ ਦਫਤਰ ਦਾ ਪੱਤਰ ਨੰ:2045 ਮਿਤੀ 19.9.2013, ਨੰ:376 ਮਿਤੀ 23.6.2014 ਅਤੇ ਨੰ:987-1017 ਮਿਤੀ 8.8.2017, ਦੀ ਲਗਾਤਾਰਤਾ ਵਿੱਚ, ਉਪਰੋਕਤ ਵਿਸ਼ੇ ਤੇ।

ਹਵਾਲਾ ਅਧੀਨ ਪੱਤਰਾਂ ਰਾਹੀਂ ਵਿਸ਼ੇ ਸਬੰਧੀ ਇਸ ਦਫਤਰ ਵੱਲੋ ਸਮੇਂ ਸਮੇਂ ਤੇ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ ਕਿ ਜੇਕਰ ਕੋਈ ਵਿਦਿਅਕ ਅਦਾਰਾ ਯੋਗ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਪਾਸੋਂ ਦਾਖਲੇ ਸਮੇਂ ਟਿਊਸ਼ਨ ਫੀਸ ਨਹੀਂ ਲੈਂਦਾ ਤਾਂ ਰੋਲ ਨੰਬਰ ਦੇਣ ਵੇਲੇ ਜਾਂ ਸਰਟੀਫਿਕੇਟ ਦੇਣ ਵੇਲੇ ਵਿਦਿਆਰਥੀਆਂ ਨੂੰ ਫੀਸਾਂ ਦੀ ਅਦਾਇਗੀ ਕਰਨ ਲਈ ਮਜਬੂਰ ਨਾ ਕਰਨ ਅਤੇ ਸਰਟੀਫਿਕੇਟ ਅਤੇ ਰੋਲ ਨੰਬਰ ਸਮੇਂ ਸਿਰ ਜਾਰੀ ਕਰਨਾ ਯਕੀਨੀ ਬਨਾਉਣ, ਪ੍ਰੰਤੂ ਮੁੱਖ ਦਫ਼ਤਰ ਵਿਖੇ ਅਜੇ ਵੀ ਵਿਦਿਆਰਥੀਆਂ ਵਲੋਂ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ ਕਿ ਕਾਲਜਾਂ ਵੱਲੋਂ ਉਹਨਾਂ ਨੂੰ ਇਮਤਿਹਾਨ ਲਈ ਰੋਲ ਨੰਬਰ ਜਾਰੀ ਨਹੀਂ ਕੀਤੇ ਜਾਂਦੇ ਅਤੇ ਅਸਲ ਸਰਟੀਫਿਕੇਟ/ ਡੀ.ਐਮ.ਸੀ. ਵਾਪਸ ਲੈਣ ਵਿੱਚ ਵੀ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

ਉਪਰੋਕਤ ਦੇ ਸਨਮੁੱਖ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਪੀ.ਐਮ.ਐਸ. ਸਕੀਮ ਅਧੀਨ ਦਾਖਲ ਹੋਏ ਕਿਸੇ ਵੀ ਵਿਦਿਆਰਥੀ ਨੂੰ ਰੋਲ ਨੰਬਰ ਜਾਂ ਸਰਟੀਫਿਕੇਟ ਦੇਣ ਸਮੇਂ ਉਨ੍ਹਾਂ ਨੂੰ ਫੀਸਾਂ ਦੀ ਅਦਾਇਗੀ ਲਈ ਮਜਬੂਰ ਨਾ ਕੀਤਾ ਜਾਵੇ ਅਤੇ ਸਰਟੀਫਿਕੇਟ ਅਤੇ ਰੋਲ ਨੰਬਰ ਸਮੇਂ ਸਿਰ ਜਾਰੀ ਕੀਤੇ ਜਾਣ।ਭਵਿੱਖ ਵਿਚ ਜੇਕਰ ਮੁੱਖ ਦਫ਼ਤਰ ਦੇ ਧਿਆਨ ਵਿਚ ਅਜਿਹੀ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਉਸ ਸਬੰਧੀ ਸਬੰਧਤ ਸੰਸਥਾ ਦੀ ਪੂਰਨ ਜਿਮੇਵਾਰੀ

ਹੋਵੇਗੀ ਅਤੇ ਇਸ ਸਬੰਧੀ ਭਲਾਈ ਵਿਭਾਗ ਨੂੰ ਸਿਫਾਰਸ ਸਹਿਤ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕਰਨ ਲਈ ਲਿਖ ਦਿਤਾ ਜਾਵੇਗਾ। ਇਸ ਸਬੰਧੀ ਆਪ ਨਾਲ ਮੈਪ ਕੀਤੀਆਂ ਤਹਿਸੀਲਾਂ ਵਿਚ ਆਉਂਦੀਆਂ ਸੰਸਥਾਵਾਂ ਨੂੰ ਵੀ ਇਹਨਾਂ ਹਦਾਇਤਾਂ ਦੀ ਕਾਪੀ ਭੇਜਦਿਆਂ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ
ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ: /ਸਕਾਲਰਸ਼ਿਪ ਮਿਤੀ:

ਉਪਰੋਕਤ ਦਾ ਉਤਾਰਾ ਡਾਇਰੈਕਟਰ, ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ, ਭਲਾਈ ਵਿਭਾਗ, ਪੰਜਾਬ,ਚੰਡੀਗੜ੍ਹ ਨੂੰ ਇਸ ਦਫਤਰ ਦੇ ਪੱਤਰ ਨੰ: 2046 ਮਿਤੀ 19.9.2013 ਅਤੇ ਨੰ: 377 ਮਿਤੀ 23.6.2014 ਦੀ ਲਗਾਤਾਰਤਾ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ
ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।